STATE OF WASHINGTON
DEPARTMENT OF SOCIAL AND HEALTH SERVICES
ECONOMIC SERVICES ADMINISTRATION (ESA)
DIVISION OF CHILD SUPPORT (DCS)

# ਪਤਾ ਜਾਰੀ ਕਰਨ ਬਾਰੇ ਜਾਣਕਾਰੀ ਦੇਣ ਵਾਲੀ ਚਿੱਠੀ

**Address Release Information Letter**
(RCW 26.23.120 ਅਤੇ WAC 388-14A-2107)

ਲਈ: ਕੇਸ ਨੰਬਰ:

ਜੇ ਤੁਸੀਂ ਹੇਠਾਂ ਦਿੱਤੀਆਂ ਸ਼ਰਤਾਂ ਪੂਰੀਆਂ ਕਰਦੇ ਹੋ, ਤਾਂ ਆਰਥਕ ਸੇਵਾਵਾਂ ਬਾਰੇ ਪ੍ਰਸ਼ਾਸਨ (ESA), ਡਿਵੀਜ਼ਨ ਔਫ਼ ਚਾਈਲਡ ਸਪੋਰਟ (DCS) ਤੁਹਾਡੇ ਬੱਚੇ ਦੇ ਸਹਾਇਤਾ ਆਦੇਸ਼ ਜਾਂ ਤੁਹਾਡੇ ਕੁਦਰਤੀ ਜਾਂ ਗੋਦ ਲਏ ਬੱਚਿਆਂ ਲਈ ਤੁਹਾਨੂੰ ਦੂਜੀ ਧਿਰ ਦੇ ਪੱਕੇ ਪਤੇ ਦੀ ਜਾਣਕਾਰੀ ਦੇ ਸਕਦੀ ਹੈ।

1. ਸਾਨੂੰ ਦੱਸਦਿਆਂ ਹੋਇਆਂ, ਤੁਹਾਨੂੰ ESA /DCS ਨੂੰ ਲਿਖਤੀ ਬਿਆਨ ਜ਼ਰੂਰ ਦੇਣਾ ਚਾਹੀਦਾ ਹੈ ਕਿ ਤੁਹਾਨੂੰ ਪਤੇ ਦੀ ਜਾਣਕਾਰੀ ਕਿਉਂ ਚਾਹੀਦੀ ਹੈ। ਤੁਸੀਂ ***ਪਤੇ ਦੇ ਖ਼ੁਲਾਸੇ ਦੀ ਬੇਨਤੀ*** ਵਾਲੇ ESA/DCS ਦੇ ਫ਼ਾਰਮ ਦੀ ਵਰਤੋਂ ਕਰ ਸਕਦੇ ਹੋ।
2. ਤੁਹਾਨੂੰ ESA/DCS ਨੂੰ ਇਕ ਬਿਆਨ ਜ਼ਰੂਰ ਮੁਹੱਈਆ ਕਰਾਉਣਾ ਚਾਹੀਦਾ ਹੈ ਕਿ ਅਦਾਲਤ ਨੇ ਬੰਦਿਸ਼ ਲਾਉਣ, ਖ਼ਾਰਜ ਕਰਨ ਜਾਂ ਮੁਲਾਕਾਤ ਕਰਨ ਦੇ ਤੁਹਾਡੇ ਹੱਕ, ਕਾਨੂੰਨੀ ਸਰਪ੍ਰਸਤੀ ਦੀ ਸਥਿਤੀ ਜਾਂ ਬੱਚਿਆਂ ਨਾਲ ਘਰ ਵਿਚ ਸਮਾਂ ਬਿਤਾਉਣ ਦੇ ਹੱਕਾਂ ਲਈ ਤੁਹਾਡੇ ਆਦੇਸ਼ ਵਿਚ ਤਬਦੀਲੀ ਨਹੀਂ ਕੀਤੀ।

ESA/DCS ਸਿਰਫ਼ ਹੇਠਾਂ ਦਿੱਤੇ ਕਾਰਣਾਂ ਲਈ ਪਤੇ ਦੀ ਜਾਣਕਾਰੀ ਜਾਰੀ ਕਰ ਸਕਦੀ ਹੈ।

1. ਤੁਸੀਂ ਆਪਣੇ ਸਹਾਇਤਾ ਆਦੇਸ਼ ਲਈ ਦੂਜੀ ਧਿਰ ਬਾਰੇ ਪਿਛਲੇ ਗਿਆਤ ਪਤੇ ਜਾਂ ਨੌਕਰੀਦਾਤਾ ਦੇ ਪਤੇ ਦੀ ਜਾਣਕਾਰੀ ਲਈ ਕਹਿ ਸਕਦੇ ਹੋ। ਤੁਸੀਂ ਇਸ ਜਾਣਕਾਰੀ ਦੀ ਸਿਰਫ਼ ਆਪਣਾ ਸਹਾਇਤਾ ਆਦੇਸ਼ ਤਿਆਰ ਕਰਨ, ਲਾਗੂ ਕਰਨ ਜਾਂ ਸੁਧਾਰ ਕਰਨ ਲਈ ਵਰਤੋਂ ਕਰ ਸਕਦੇ ਹੋ।
2. ਤੁਸੀਂ ਆਪਣੇ ਕੁਦਰਤੀ ਜਾਂ ਗੋਦ ਲਏ ਬੱਚਿਆਂ ਦੇ ਪਿਛਲੇ ਗਿਆਤ ਪਤੇ ਲਈ ਕਹਿ ਸਕਦੇ ਹੋ। ਤੁਹਾਡੇ ਕੋਲ ਅਦਾਲਤੀ ਆਦੇਸ਼ ਜ਼ਰੂਰ ਹੋਣਾ ਚਾਹੀਦਾ ਹੈ, ਜੋ ਤੁਹਾਨੂੰ ਬੱਚਿਆਂ ਦੀ ਕਾਨੂੰਨੀ ਸਰਪ੍ਰਸਤੀ ਦੇ ਨਾਲ ਮੁਲਾਕਾਤ ਕਰਨ ਦੇ ਹੱਕ ਜਾਂ ਉਹਨਾਂ ਨਾਲ ਘਰ ਵਿਚ ਸਮਾਂ ਬਿਤਾਉਣ ਦਾ ਹੱਕ ਦਿੰਦਾ ਹੈ। ਤੁਸੀਂ ਇਸ ਜਾਣਕਾਰੀ ਦੀ ਵਰਤੋਂ ਸਿਰਫ਼ ਆਪਣੇ ਅਦਾਲਤੀ ਆਦੇਸ਼ ਦੀਆਂ ਸ਼ਰਤਾਂ ਲਾਗੂ ਕਰਨ ਲਈ ਕਰ ਸਕਦੇ ਹੋ।
3. ਤੁਸੀਂ, ਆਪਣੇ ਸਹਾਇਤਾ ਆਦੇਸ਼ ਲਈ ਦੂਜੀ ਧਿਰ ਦੇ ਪਿਛਲੇ ਗਿਆਤ ਪਤੇ ਲਈ ਕਹਿ ਸਕਦੇ ਹੋ। ਤੁਸੀਂ ਇਸ ਜਾਣਕਾਰੀ ਦੀ ਵਰਤੋਂ ਸਿਰਫ਼ ਸਹਾਇਤਾ ਆਦੇਸ਼ ਵਿਚ ਦਿੱਤੇ ਗਏ ਨਾਂ ਵਾਲੇ ਬੱਚੇ (ਬੱਚਿਆਂ) ਲਈ ਪਰਵਰਿਸ਼ ਦਾ ਪਲਾਨ ਤਿਆਰ ਕਰਨ ਲਈ ਕਰ ਸਕਦੇ ਹੋ।

ਤੁਹਾਨੂੰ ਜਾਂ ਤੁਹਾਡੇ ਅਟਾੱਰਨੀ ਨੂੰ ਪੰਨਾ 2 'ਤੇ ਦਿੱਤੇ ਗਏ ਪਤੇ 'ਤੇ DCS ਨੂੰ ***ਪਤੇ ਦੇ ਖ਼ੁਲਾਸੇ ਦੀ ਬੇਨਤੀ*** ਜ਼ਰੂਰ ਵਾਪਸ ਕਰਨੀ ਚਾਹੀਦੀ ਹੈ।

1. ਤੁਸੀਂ DCS ਦਫ਼ਤਰ ਵਿਖੇ ਪੇਸ਼ ਹੋਕੇ ਸਾਨੂੰ ਢੁਕਵੀਂ ਪਛਾਣ ਵਿਖਾ ਸਕਦੇ ਹੋ। ਜੇ ਤੁਹਾਡਾ ਅਟਾੱਰਨੀ ਸਾਨੂੰ ਬੇਨਤੀ ਭੇਜਦਾ ਹੈ, ਤਾਂ ਤੁਹਾਨੂੰ ਪੇਸ਼ ਹੋਣ ਦੀ ਲੋੜ ਨਹੀਂ।
2. ਜੇ ਤੁਸੀਂ ਡਾਕ ਰਾਹੀਂ ਬੇਨਤੀ ਜਮ੍ਹਾ ਕਰਦੇ ਹੋ, ਤਾਂ ਤੁਹਾਨੂੰ ਨੋਟਰੀ ਤੋਂ ਫ਼ਾਰਮ ਦੀ ਪੁਸ਼ਟੀ ਜ਼ਰੂਰ ਕਰਾਉਣੀ ਚਾਹੀਦੀ ਹੈ। ਜੇ ਤੁਹਾਡਾ ਅਟਾੱਰਨੀ DCS ਨੂੰ ਫ਼ਾਰਮ ਭੇਜਦਾ ਹੈ, ਤਾਂ ਤੁਹਾਡੇ ਅਟਾੱਰਨੀ ਨੂੰ ਨੋਟਰੀ ਤੋਂ ਫ਼ਾਰਮ ਦੀ ਪੁਸ਼ਟੀ ਨਹੀਂ ਕਰਾਉਣੀ ਪੈਣੀ।

ਨਿਗਰਾਨ ਮਾਤਾ-ਪਿਤਾ ਦਾ ਜਾਂ ਬੱਚੇ ਦਾ ਪਤਾ ਜਾਰੀ ਕਰਨ ਲਈ ਬੇਨਤੀਆਂ:

ਇਸ ਤੋਂ ਪਹਿਲਾਂ ਕਿ ESA/DCS ਨਿਗਰਾਨ ਮਾਤਾ-ਪਿਤਾ ਜਾਂ ਬੱਚਿਆਂ ਲਈ ਪਤੇ ਦੀ ਜਾਣਕਾਰੀ ਗ਼ੈਰ-ਨਿਗਰਾਨ ਮਾਤਾ-ਪਿਤਾ ਨੂੰ ਦੇ ਸਕਣ, ਸਾਨੂੰ ਬੇਨਤੀ ਬਾਰੇ ਨਿਗਰਾਨ ਮਾਤਾ-ਪਿਤਾ ਨੂੰ ਜ਼ਰੂਰ ਦੱਸਣਾ ਚਾਹੀਦਾ ਹੈ। ਹੇਠ ਦਿੱਤੇ ਕੰਮਾਂ ਲਈ ਨਿਗਰਾਨ ਮਾਤਾ-ਪਿਤਾ ਕੋਲ 30 ਦਿਨ ਹੁੰਦੇ ਹਨ:

1. ESA/DCS ਨੂੰ ਪਤਾ ਜਾਰੀ ਕਰਨ ਤੋਂ ਰੋਕਣ ਵਾਲਾ ਅਦਾਲਤੀ ਆਦੇਸ਼ ਹਾਸਿਲ ਕਰਨਾ।
2. ਨਿਗਰਾਨ ਮਾਤਾ-ਪਿਤਾ ਜਾਂ ਬੱਚਿਆਂ ਨੂੰ ਮਿਲਣ ਜਾਂ ਸੰਪਰਕ ਕਰਨ ਦੇ ਗ਼ੈਰ-ਨਿਗਰਾਨ ਮਾਤਾ-ਪਿਤਾ ਦੇ ਹੱਕਾਂ ਨੂੰ ਸੀਮਤ ਕਰਨ ਵਾਲਾ ਅਦਾਲਤੀ ਆਦੇਸ਼ ਮੁਹੱਈਆ ਕਰਨਾ ਜਾਂ ਹਾਸਿਲ ਕਰਨਾ।
3. ਅਦਾਲਤੀ ਆਦੇਸ਼ ਹਾਸਿਲ ਕਰਨਾ, ਜੋ ਦੱਸਦਾ ਹੈ ਕਿ ਜੇ ESA/DCS ਪਤਾ (WAC 388-14A-2114(1)(C)) ਜਾਰੀ ਕਰਦੀ ਹੈ, ਤਾਂ ਨਿਗਰਾਨ ਮਾਤਾ-ਪਿਤਾ ਜਾਂ ਬੱਚਿਆਂ ਦੀ ਸਿਹਤ, ਸੁਰੱਖਿਆ ਜਾਂ ਅਜ਼ਾਦੀ ਅਢੁਕਵੇਂ ਤਰੀਕੇ ਨਾਲ ਖ਼ਤਰੇ ਵਿਚ ਪਏਗੀ।
4. ESA/DCS ਨੂੰ ਪਤਾ ਜਾਰੀ ਨਹੀਂ ਕਰਨਾ ਚਾਹੀਦਾ, ਬਾਰੇ ਪ੍ਰਸ਼ਾਸਨੀ ਸੁਣਵਾਈਆਂ ਬਾਰੇ ਦਫ਼ਤਰ (ਇਕ ਵੱਖਰੀ ਸਟੇਟ ਏਜੰਸੀ) ਤੋਂ ਪ੍ਰਸ਼ਾਸਨੀ ਕਾਨੂੰਨ ਬਾਰੇ ਜੱਜ ਨੂੰ ਦੱਸਣ ਲਈ ਸੁਣਵਾਈ ਦੀ ਬੇਨਤੀ ਕਰਨਾ।

ਜੇ ਨਿਗਰਾਨ ਮਾਤਾ-ਪਿਤਾ ਸੁਣਵਾਈ ਲਈ ਨਹੀਂ ਕਹਿੰਦੇ, ਤਾਂ ESA/DCS 45 ਦਿਨਾਂ ਦੇ ਅੰਦਰ ਤੁਹਾਡੀ ਬੇਨਤੀ ਦਾ ਜਵਾਬ ਦਏਗੀ। ਜੇ ਨਿਗਰਾਨ ਮਾਤਾ-ਪਿਤਾ ਨੇ ਸੁਣਵਾਈ ਲਈ ਕਿਹਾ ਹੈ, ਤਾਂ DCS ਤੁਹਾਨੂੰ ਦੱਸੇਗੀ। ਤੁਸੀਂ ਸੁਣਵਾਈ ਵਿਚ ਹਿੱਸਾ ਲੈ ਸਕਦੇ ਹੋ।

ਜੇ ESA/DCS ਕੋਲ ਇਹ ਮੰਨਣ ਦਾ ਕਾਰਣ ਹੈ ਕਿ ਪਤਾ ਜਾਰੀ ਕਰਨ ਨਾਲ ਨਿਗਰਾਨ ਮਾਤਾ-ਪਿਤਾ ਜਾਂ ਬੱਚਿਆਂ ਨੂੰ ਸਰੀਰਕ ਜਾਂ ਜਜ਼ਬਾਤੀ ਨੁਕਸਾਨ ਹੋ ਸਕਦਾ ਹੈ, ਤਾਂ ESA / DCS ਪਤਾ ਜਾਰੀ ਨਹੀਂ ਕਰੇਗੀ। ਭਾਵੇਂ ਕਿ ESA/DCS ਪਤਾ ਜਾਰੀ ਨਾ ਕਰਨ ਦਾ ਫ਼ੈਸਲਾ ਕਰਦੀ ਹੈ, ਤਾਂ ESA/DCS ਬੇਨਤੀ ਬਾਰੇ ਨਿਗਰਾਨ ਮਾਤਾ-ਪਿਤਾ ਨੂੰ ਦੱਸੇਗੀ।

ਗ਼ੈਰਨਿਗਰਾਨ ਮਾਤਾ-ਪਿਤਾ ਦਾ ਪਤਾ ਜਾਰੀ ਕਰਨ ਲਈ ਬੇਨਤੀਆਂ:

ਵਾਸ਼ਿੰਗਟਨ ਦਾ ਕਾਨੂੰਨ, ਪਹਿਲਾਂ ਨੋਟਿਸ ਦਿੱਤੇ ਬਿਨਾ ESA/DCS ਨੂੰ ਨਿਗਰਾਨ ਮਾਤਾ-ਪਿਤਾ ਨੂੰ ਗ਼ੈਰਨਿਗਰਾਨ ਮਾਤਾ-ਪਿਤਾ ਦਾ ਪਤਾ ਜਾਰੀ ਕਰਨ ਦੀ ਆਗਿਆ ਦਿੰਦਾ ਹੈ, ਜਦ ਤੱਕ ਕਿ ਗ਼ੈਰਨਿਗਰਾਨ ਮਾਤਾ-ਪਿਤਾ ਨੇ ਪਹਿਲਾਂ ਨੋਟਿਸ ਦੇਕੇ ਬੇਨਤੀ ਨਹੀਂ ਕੀਤੀ। ਜੇ ਗ਼ੈਰਨਿਗਰਾਨ ਮਾਤਾ-ਪਿਤਾ ਨੇ ਪਹਿਲਾਂ ਨੋਟਿਸ ਦੇਕੇ ਬੇਨਤੀ ਕੀਤੀ ਹੈ, ਤਾਂ ਜਾਰੀ ਕਰਨ ਦੀਆਂ ਕਾਰਵਾਈਆਂ ਉਹੀ ਹਨ, ਜਿਹਨਾਂ ਵਿਚ ਨਿਗਰਾਨ ਮਾਤਾ-ਪਿਤਾ ਦਾ ਪਤਾ ਜਾਰੀ ਕਰਨ ਬਾਰੇ ਦੱਸਿਆ ਗਿਆ ਹੈ। ਹਾਲਾਂਕਿ, ਜੇ ESA/DCS ਕੋਲ ਇਹ ਮੰਨਣ ਦਾ ਕਾਰਣ ਹੈ ਕਿ ਗ਼ੈਰਨਿਗਰਾਨ ਮਾਤਾ-ਪਿਤਾ ਦਾ ਪਤਾ ਜਾਰੀ ਕਰਨ ਨਾਲ, ਗੈਰਨਿਗਰਾਨ ਮਾਤਾ-ਪਿਤਾ ਜਾਂ ਬੱਚਿਆਂ ਨੂੰ ਸਰੀਰਕ ਜਾਂ ਜਜ਼ਬਾਤੀ ਨੁਕਸਾਨ ਹੋ ਸਕਦਾ ਹੈ, ਤਾਂ ESA /DCS ਪਤਾ ਜਾਰੀ ਨਹੀਂ ਕਰੇਗੀ।

| ______________________ | ______________________________________ |
|---|---|
| ਤਾਰੀਖ਼ | ਅਖ਼ਤਿਆਰਪ੍ਰਾਪਤ ਨੁਮਾਇੰਦਾ<br>ਆਰਥਕ ਸੇਵਾਵਾਂ ਬਾਰੇ ਪ੍ਰਸ਼ਾਸਨ (ESA)<br>ਸਰਕਾਰੀ ਖ਼ੁਲਾਸਾ ਯੂਨਿਟ |

ਜੇ ਤੁਹਾਡੇ ਸੁਆਲ ਹਨ, ਤਾਂ ਇੱਥੇ ਸੰਪਰਕ ਕਰੋ:

DIVISION OF CHILD SUPPORT
PO BOX 11520
TACOMA WA 98411-5520
ਓਲੰਪੀਆ ਦੇ ਅੰਦਰ ਕਾੱਲਿੰਗ ਏਰੀਆ (360) 664-5000

ਓਲੰਪੀਆ ਤੋਂ ਬਾਹਰ ਕਾੱਲਿੰਗ ਏਰੀਆ (800) 457-6202

ਬੋਲਣ ਜਾਂ ਘੱਟ ਸੁਣਨ ਵਾਲੇ ਲੋਕਾਂ ਲਈ TTY/TDD ਸੇਵਾਵਾਂ ਉਪਲਬਧ ਹਨ।

ਸਾਡੀ ਵੈਬਸਾਈਟ 'ਤੇ ਜਾਓ: www.dshs.wa.gov/esa/division-child-support

ਰੋਜ਼ਗਾਰ, ਸੇਵਾਵਾਂ ਜਾਂ ਪ੍ਰੋਗਰਾਮ ਦੀਆਂ ਸਰਗਰਮੀਆਂ ਦੇ ਕਿਸੇ ਵੀ ਪੱਖ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਧਰਮ-ਸਿਧਾਂਤ, ਧਰਮ, ਲਿੰਗ, ਉਮਰ ਜਾਂ ਅਸਮਰੱਥਾ ਦੇ ਅਧਾਰ 'ਤੇ ਕਿਸੇ ਵੀ ਵਿਅਕਤੀ ਨਾਲ ਵਿਤਕਰਾ ਨਹੀਂ ਕੀਤਾ ਜਾਏਗਾ। ਬੇਨਤੀ ਕੀਤੇ ਜਾਣ 'ਤੇ ਇਹ ਫ਼ਾਰਮ ਬਦਲਵੇਂ ਰੂਪਾਂ ਵਿਚ ਉਪਲਬਧ ਹੈ।